**ਪ੍ਰ5. ਹੇਠ ਲਿਖੇ ਕਥਾ ਅੰਸ਼ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:(4)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਭਾਈ ਘਨੱਈਆ ਦੀਆਂ ਸ਼ਿਕਾਇਤਾਂ ਪਹੁੰਚੀਆਂ ਸਨ। ਸ਼ਿਕਾਇਤ ਇਹ ਸੀ ਕਿ ਉਹ ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ ਸੀ। ਇੱਕ ਸਿੱਖ ਨੇ ਤਾਂ ਇੱਥੋਂ ਤੱਕ ਵੀ ਦੱਸਿਆ ਕਿ ਉਹ ਦੁਸ਼ਮਣ-ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦਿੰਦਾ ਸੀ।

ੳ) ਉਪਰੋਕਤ ਦਿੱਤਾ ਕਥਾ ਅੰਸ਼ ਕਿਸ ਪਾਠ ਵਿੱਚੋਂ ਲਿਆ ਗਿਆ ਹੈ ਅਤੇ ਇਸਦਾ ਲੇਖਕ ਕੌਣ ਹੈ?

ਅ) ਭਾਈ ਘਨੱਈਆ ਦੀਆਂ ਸ਼ਿਕਾਇਤਾਂ ਕਿਸ ਕੋਲ ਪਹੁੰਚੀਆਂ?

ੲ) ਭਾਈ ਘਨੱਈਆ ਜੀ ਦਾ ਕਸੂਰ ਕੀ ਸੀ?

**ਪ੍ਰ6. ਹੇਠ ਲਿਖੀਆਂ ਕਾਵਿ ਸਤਰਾਂ ਪੜ੍ਹ ਕੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਦਿਓ:(4)**

ਸਾਵਣ ਬੱਦਲ ਵੱਸਦੇ ਨੇ,
ਅੰਬ, ਜਮੋਏ ਰਸਦੇ ਨੇ।
ਭਾਦੋਂ ਧੁੱਪਾਂ ਕਹਿਰ ਦੀਆਂ,
ਝੜੀਆਂ ਕਈ-ਕਈ ਪਹਿਰ ਦੀਆਂ।

ੳ) ਉਪਰੋਕਤ ਸਤਰਾਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ? ਇਸ ਕਵਿਤਾ ਦੇ ਕਵੀ ਦਾ ਨਾਂ ਦੱਸੋ।

ਅ) ਸਾਵਣ ਦੇ ਮਹੀਨੇ ਕਿਹੜੇ ਫਲਾਂ ਨੂੰ ਰਸ ਪੈਂਦਾ ਹੈ?

ੲ) ਕਿਹੜੇ ਮਹੀਨੇ ਕਹਿਰ ਦੀਆਂ ਧੁੱਪਾਂ ਵਰਦੀਆਂ ਹਨ?

**ਪ੍ਰ7.** 'ਮਾਵਾਂ ਠੰਢੀਆਂ ਛਾਵਾਂ' ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਆਪਣੇ ਵਿਚਾਰ 60-70 ਸ਼ਬਦਾਂ ਵਿੱਚ ਲਿਖੋ। **(4)**

## ਭਾਗ - ਅ (ਵਿਆਕਰਨ)

**1) ਹੇਠ ਦਿੱਤੇ ਸ਼ਬਦਾਂ ਨੂੰ ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ: (2)**
ਸਹਿ, ਉਪ

**2) ਹੇਠ ਦਿੱਤੇ ਸ਼ਬਦਾਂ ਨੂੰ ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ: (2)**
ਆਹਾਰੀ, ਆਕਲ

**3) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (2)**
ਉਧਾਰ, ਉਸਤਤ, ਅਗਿਆਨੀ, ਸੁਹਾਗਣ

**4) ਹੇਠ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (2)**
ੳ) ਕਹਿਰ ਦੀ ਧੁੱਪ ਰਹੀ ਹੈ ਪੈ। ਅ) ਅਸੀਂ ਅੱਜ ਜਾਣਾ ਹੈ ਘੁੰਮਣ।

**5) ਹੇਠ ਦਿੱਤੇ ਅਖਾਣ ਕਿਹੜੇ ਵਿਸ਼ੇਸ਼ ਮੌਕੇ ਤੇ ਵਰਤੇ ਜਾਂਦੇ ਹਨ: (2)**
- ਉਜੜੇ ਬਾਗਾਂ ਦੇ ਗਾਲੜ੍ਹ ਪਟਵਾਰੀ
- ਅੰਦਰ ਹੋਣੇ ਸੱਚ ਤਾਂ ਕੋਠੇ ਚੜ ਕੇ ਨੱਚ

6) ਕਾਲ ਕਿਸ ਨੂੰ ਕਹਿੰਦੇ ਹਨ? ਇਸ ਦੀਆਂ ਕਿਸਮਾਂ ਦੱਸੋ। **(2)**

**7) ਹੇਠ ਦਿੱਤੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ: (2)**
ਉਜਾੜ, ਅਕਾਸ਼

**8) ਵਿਸ਼ਰਾਮ ਚਿੰਨ੍ਹ ਲਗਾਓ: (2)**
ਅਧਿਆਪਕ ਨੇ ਕਿਹਾ ਸ਼ਾਬਾਸ਼ ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ

**9) ਹੇਠ ਦਿੱਤੇ ਬਹੁ-ਅਰਥਕ ਸ਼ਬਦਾਂ ਦੇ ਅਰਥ-ਭੇਦ ਕਰਦੇ ਹੋਏ ਦੋ-ਦੋ ਵਾਕ ਬਣਾਓ: (4)**
ਸੰਗ, ਉਲਟੀ

**10) ਹੇਠ ਦਿੱਤੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ: (4)**
ਉਮਰ ਭਰ ਦੀਆਂ ਰੋਟੀਆਂ ਕਮਾਉਣਾ, ਅੱਖਾਂ ਵਿੱਚ ਘੱਟਾ ਪਾਉਣਾ, ਅੱਡੀ ਨਾ ਲੱਗਣਾ, ਇੱਕ ਕੰਨ ਸੁਣ ਕੇ ਦੂਜੇ ਕੰਨੋਂ ਕੱਢ ਦੇਣਾ

11) ਮੈਡੀਕਲ ਕੰਪਨੀ ਤੋਂ ਮੰਗਵਾਈਆਂ ਦਵਾਈਆਂ ਦੀ ਮਿਆਦ ਖ਼ਤਮ ਹੋ ਚੁੱਕੀ ਹੈ, ਇਸ ਸੰਬੰਧੀ ਕੰਪਨੀ ਨੂੰ ਸ਼ਿਕਾਇਤ ਪੱਤਰ ਲਿਖੋ। **(5)**

12) **ਕਿਸੇ ਇਕ ਵਿਸ਼ੇ ਤੇ ਲੇਖ ਲਿਖੋ:** **(7)**

ਸ੍ਰੀ ਗੁਰੂ ਤੇਗ ਬਹਾਦਰ ਜੀ

ਜਾਂ

ਭਰੂਣ ਹੱਤਿਆ

13) **ਹੇਠ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:** **(4)**

**BUDHA DAL PUBLIC SCHOOL PATIALA (23 Sept.17)**

**UNIT - I**

**Class - VIII**

**Paper - Punjabi**

**Set - A**

**Time: 3 hrs.** **MM: 80**

**ਪ੍ਰ1. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ:** **(6)**

ੳ) ਜੰਗਲ ਵਿੱਚ ਕੌਣ ਰਹਿੰਦਾ ਸੀ?

ਅ) ਮੁਸਾਫ਼ਰ ਦਾ ਗੁਰੂ ਕਿੱਥੇ ਰਹਿੰਦਾ ਸੀ?

ੲ) ਗੋਪਾਲ ਝੱਟ-ਪੱਟ ਮੌਕਾ ਪਾ ਕੇ ਕਿਹੜੇ ਸਟੇਸ਼ਨ ਤੇ ਗੱਡੀ ਵਿੱਚੋਂ ਉਤਰ ਗਿਆ?

ਸ) ਕਿਹੜੇ ਮਹੀਨੇ ਨਾ ਹੀ ਗਰਮੀ ਹੁੰਦੀ ਹੈ ਤੇ ਨਾ ਹੀ ਠੰਢ?

ਹ) ਪੜ੍ਹੇ-ਲਿਖੇ ਭਲੇ-ਮਾਣਸ ਲੋਕ ਕਿਹੜੀਆਂ ਗੰਭੀਰ ਖੇਡਾਂ ਖੇਡਦੇ ਸਨ?

ਕ) ਰਜਨੀ ਕਿੱਥੇ ਖੜ੍ਹੀ ਹੋ ਕੇ ਦੂਜੇ ਘਰਾਂ ਵਿੱਚ ਬਲ ਰਹੇ ਦੀਵਿਆਂ ਨੂੰ ਦੇਖਦੀ ਰਹੀ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਨਾਲ ਦਿਓ:** **(6×2=12)**

ੳ) ਰਾਜੇ ਦੇ ਤਿੰਨ ਸਵਾਲ ਕਿਹੜੇ ਸਨ?

ਅ) ਦੇਸੀ ਮਹੀਨਿਆਂ ਵਿੱਚ ਪਹਿਲਾ ਮਹੀਨਾ ਕਿਹੜਾ ਹੈ ਤੇ ਉਸਦੀ ਕੀ ਵਿਸ਼ੇਸ਼ਤਾ ਹੈ?

ੲ) ਚੌਂਕੀਦਾਰ ਨੇ ਗੋਪਾਲ ਨੂੰ ਕੀ ਸਮਝਾਇਆ? ਵਿਸਥਾਰ ਨਾਲ ਲਿਖੋ।

ਸ) ਲੜਾਈ ਦੇ ਮੈਦਾਨ ਵਿੱਚ ਭਾਈ ਘਨਈਆ ਜੀ ਨੇ ਕੀ ਸੇਵਾ ਨਿਭਾਈ?

ਹ) ਰਜਨੀ ਦਾ ਦੀਵਾ ਤੇਲ ਨਾਲ ਕਿਉਂ ਭਰਿਆ ਰਹਿੰਦਾ ਸੀ?

ਕ) 'ਪਰੀਖਿਆ' ਪਾਠ ਵਿੱਚ ਬਗਲਿਆਂ ਵਿੱਚ ਹੰਸ ਲੱਭਣ ਦੀ ਗੱਲ ਕਿਵੇਂ ਆਈ?

**ਪ੍ਰ3. ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ:** **(8×½=4)**

ਜਹਾਨ, ਗੱਭਰੂ, ਮੱਧਮ, ਸੇਕ, ਸਦਾਚਾਰ, ਜਮੋਏ, ਰਫ਼ਤਾਰ, ਪੈਲੀਆਂ

**ਪ੍ਰ4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋਂ:** **(6)**

ਨੇਕੀ, ਮੁਸਾਫ਼ਰ, ਅਚੰਭਾ, ਸਾਹਸ, ਮਨਭਾਉਂਦਾ, ਨਿੱਤ